# Qualcomm ਸਾਫ਼ਟਵੇਅਰ ਅਤੇ ਐਪਲੀਕੇਸ਼ਨਾਂ ਬਾਰੇ ਹੋਰ ਜਾਣਕਾਰੀ ਲਵੋ

Qualcomm Incorporated ਦੀਆਂ ਸਹਾਇਕ ਕੰਪਨੀਆਂ ਮੋਬਾਈਲ ਡਿਵਾਈਸ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ, ਬੈਟਰੀ ਊਰਜਾ ਨੂੰ ਬਚਾਉਣ ਵਿੱਚ ਮਦਦ ਕਰਨ, ਅਤੇ ਡਿਵਾਈਸ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਵਿੱਚ ਮਦਦ ਵਾਸਤੇ ਕਈ ਤਰ੍ਹਾਂ ਦੇ ਸਾਫ਼ਟਵੇਅਰ, ਐਪਲੀਕੇਸ਼ਨਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦੀਆਂ ਹਨ। ਉਹਨਾਂ ਸਾਫ਼ਟਵੇਅਰ ਐਪਲੀਕੇਸ਼ਨਾਂ ਨਾਲ-ਨਾਲ ਜੋ ਸ਼ਾਮਲ ਹਨ ਉਹ ਅੱਗੇ ਦਿੱਤੀਆਂ ਹਨ:

**Qualcomm ਟਿਕਾਣੇ**

Qualcomm ਟਿਕਾਣੇ (ਸਾਬਕਾ "IZat") ਅਜਿਹੀ ਤਕਨਾਲੋਜੀ ਹੈ ਜੋ ਅਮਰੀਕਾ ਵਿੱਚ Qualcomm Technologies, Inc. ਦੁਆਰਾ, ਯੂਰਪੀ ਆਰਥਿਕ ਖੇਤਰ ਅੰਦਰਲੇ ਦੇਸ਼ਾਂ ਵਿੱਚ QT Technologies Ireland Limited ਦੁਆਰਾ, ਅਤੇ ਰਿਪਬਲਿਕ ਆਫ਼ ਕੋਰੀਆ (ਜੋ ਦੱਖਣੀ ਕੋਰੀਆ ਵੱਜੋਂ ਵੀ ਜਾਣਿਆ ਜਾਂਦਾ ਹੈ) ਵਿੱਚ Qualcomm CDMA Technologies (Korea) YH ਦੁਆਰਾ ਪੇਸ਼ ਕੀਤੀ ਜਾਂਦੀ ਹੈ। Qualcomm ਟਿਕਾਣੇ ਤੁਹਾਡੇ ਡਿਵਾਈਸ ਨੂੰ ਆਪਣਾ ਟਿਕਾਣਾ ਜ਼ਿਆਦਾ ਛੇਤੀ ਅਤੇ ਦਰੁਸਤਤਾ ਨਾਲ ਨਿਰਧਾਰਿਤ ਕਰਨ ਦੇ ਸਮਰੱਥ ਬਣਾਉਂਦੀ ਹੈ – ਭਾਵੇਂ ਤੁਹਾਡਾ ਡਿਵਾਈਸ ਮਜ਼ਬੂਤ GPS ਸੰਕੇਤ ਨਹੀਂ ਪ੍ਰਾਪਤ ਕਰ ਸਕਦਾ। Qualcomm ਟਿਕਾਣੇ ਉਸ ਸਮੇਂ ਤੁਹਾਡੇ ਡਿਵਾਈਸ ਦੀ ਬੈਟਰੀ ਊਰਜਾ ਨੂੰ ਬਚਾਉਣ ਵਿੱਚ ਵੀ ਮਦਦ ਕਰ ਸਕਦੀ ਹੈ ਜਦੋਂ ਤੁਸੀਂ ਲੋਕੇਸ਼ਨ ਡੇਟੇ ਲਈ ਜ਼ਰੂਰੀ ਐਪਲੀਕੇਸ਼ਨਾਂ ਜਾਂ ਸੇਵਾਵਾਂ ਦੀ ਵਰਤੋਂ ਕਰ ਰਹੇ ਹੁੰਦੇ ਹੋ। ਜੇ ਤੁਸੀਂ ਟਿਕਾਣੇ ਦੀ ਸਮਰੱਥਾ ਵਾਲੀਆਂ ਐਪਲੀਕੇਸ਼ਨਾਂ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡਾ ਡਿਵਾਈਸ ਅਜਿਹੀ ਐਪਲੀਕੇਸ਼ਨ ਦੇ ਪ੍ਰਦਾਨਕਰਤਾ ਨੂੰ ਆਪਣਾ ਟਿਕਾਣਾ ਭੇਜ ਸਕਦਾ ਹੈ। ਐਪਲੀਕੇਸ਼ਨ ਦੇ ਪ੍ਰਦਾਤਾਵਾਂ ਨੂੰ ਮੁਹੱਈਆ ਕੀਤੀ ਟਿਕਾਣੇ ਦੀ ਜਾਣਕਾਰੀ ਉਹਨਾਂ ਦੀਆਂ ਸ਼ਰਤਾਂ ਅਤੇ ਨਿੱਜਤਾ ਨੀਤੀਆਂ ਦੁਆਰਾ ਸੰਚਾਲਿਤ ਕੀਤੀ ਜਾਂਦੀ ਹੈ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਉਹਨਾਂ ਐਪਲੀਕੇਸ਼ਨ ਪ੍ਰਦਾਤਾਵਾਂ ਦੀਆਂ ਸ਼ਰਤਾਂ ਅਤੇ ਨਿੱਜਤਾ ਨੀਤੀਆਂ ਦੇਖੋ।

Qualcomm ਟਿਕਾਣੇ ਸਮੇਂ-ਸਮੇਂ 'ਤੇ ਨੇੜਲੇ ਸੈਲੂਲਰ ਟਾਵਰਾਂ ਅਤੇ WiFi ਦੇ ਐਕਸੈਸ ਪਾਇੰਟਾਂ ਦੇ ਟਿਕਾਣਿਆਂ ਸਬੰਧੀ ਡੈਟਾ ਤੁਹਾਡੇ ਡਿਵਾਈਸ 'ਤੇ ਡਾਊਨਲੋਡ ਕਰਦੀ ਹੈ। ਤੁਹਾਡੇ ਡਿਵਾਈਸ ਦੀ ਆਪਣੇ ਟਿਕਾਣੇ ਦਾ ਨਿਰਧਾਰਣ ਕਰਨ ਅਤੇ ਬੈਟਰੀ ਊਰਜਾ ਨੂੰ ਬਚਾਉਣ ਵਿੱਚ ਮਦਦ ਕਰਨ ਲਈ ਇਸ ਡੈਟੇ ਨੂੰ ਤੁਹਾਡੇ ਡਿਵਾਈਸ 'ਤੇ ਸੈਂਸਰਾਂ ਦੇ ਡੈਟੇ, ਜਿਵੇਂ ਕਿ ਜਾਇਰੋਸਕੋਪ ਜਾਂ ਐਕਸੇਲਰੋਮੀਟਰ, ਨਾਲ ਮਿਲਾਇਆ ਜਾ ਸਕਦਾ ਹੈ।

Qualcomm ਟਿਕਾਣੇ ਸਮੇਂ-ਸਮੇਂ 'ਤੇ ਸਾਨੂੰ ਵਿਲੱਖਣ ਸਾਫ਼ਟਵੇਅਰ ID, ਤੁਹਾਡੇ ਡਿਵਾਈਸ ਦਾ ਟਿਕਾਣਾ (ਲੰਬਕਾਰ, ਵਿਸਥਾਰ ਅਤੇ ਉਚਾਈ, ਅਤੇ ਇਸ ਦੀ ਅਨਿਸ਼ਚਿਤਤਾ) ਅਤੇ ਨੇੜਲੇ ਸੈਲੂਲਰ ਟਾਵਰਾਂ ਅਤੇ Wi-Fi ਹੌਟਸਪੌਟਾਂ, ਸਿਗਨਲ ਦੀ ਮਜ਼ਬੂਤੀ, ਅਤੇ ਸਮਾਂ (ਸਮੂਹਿਕ ਰੂਪ ਵਿੱਚ, "ਟਿਕਾਣੇ ਸਬੰਧੀ ਡੈਟਾ") ਭੇਜਦਾ ਹੈ। ਕਿਸੇ ਵੀ ਇੰਟਰਨੈੱਟ ਸੰਚਾਰ ਦੀ ਤਰ੍ਹਾਂ, ਅਸੀਂ ਤੁਹਾਡੇ ਡਿਵਾਈਸ ਵੱਲੋਂ ਵਰਤਿਆ ਜਾਂਦਾ IP ਪਤਾ ਵੀ ਪ੍ਰਾਪਤ ਕਰਦੇ ਹਾਂ। ਅਸੀਂ ਆਪਣੇ ਸਿਸਟਮਾਂ ਦੀ ਕਾਰਗੁਜ਼ਾਰੀ ਦੀ ਸੁਰੱਖਿਆ, ਮੁਲਾਂਕਣ ਅਤੇ ਸੁਧਾਰ ਕਰਨ ਵਿੱਚ ਆਪਣੀ ਮਦਦ ਲਈ ਟਿਕਾਣੇ ਦੇ ਡੈਟੇ, ਸਾਫ਼ਟਵੇਅਰ ID ਆਂ ਅਤੇ IP ਪਤਿਆਂ, ਅਤੇ ਸਾਡੇ ਦੁਆਰਾ ਇਕੱਤਰ ਕੀਤੇ ਜਾਂਦੇ ਦੂਜੇ ਡੈਟੇ ਨੂੰ ਵਰਤਦੇ ਹਾਂ।

Qualcomm ਟਿਕਾਣੇ ਸਾਡੇ ਵੱਲੋਂ ਇਕੱਤਰ ਕੀਤੇ ਜਾਂਦੇ ਡੈਟੇ ਦੀ ਸੁਰੱਖਿਆ ਕਰਨ ਲਈ ਕਈ ਤਰ੍ਹਾਂ ਦੇ ਵਾਜਬ ਅਤੇ ਢੁਕਵੇਂ ਸੁਰੱਖਿਆ ਉਪਾਆਂ ਦੀ ਵਰਤੋਂ ਕਰਦੀ ਹੈ। ਇਸ ਤੋਂ ਇਲਾਵਾ, ਅਸੀਂ ਸਥਾਈ ਤੌਰ 'ਤੇ ਤੁਹਾਡੀ ਸਾਫ਼ਟਵੇਅਰ ID ਜਾਂ IP ਪਤੇ ਨਾਲ ਤੁਹਾਡੇ ਟਿਕਾਣੇ ਦੇ ਡੈਟੇ ਨੂੰ ਸਥਾਈ ਤੌਰ 'ਤੇ ਸਟੋਰ ਨਹੀਂ ਕਰਦੇ, ਨਾ ਹੀ ਅਸੀਂ Qualcomm ਟਿਕਾਣੇ ਦੇ ਉਪਯੋਗਕਰਤਾਵਾਂ ਦੀ ਨਿੱਜੀ ਤੌਰ 'ਤੇ ਪਛਾਣ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਿਸਟਮ ਦੀ ਕਾਰਗੁਜ਼ਾਰੀ ਵਿੱਚ ਵਾਧਾ ਕਰਨ ਲਈ ਤੁਹਾਡੀ ਸਾਫ਼ਟਵੇਅਰ ID ਅਤੇ IP ਪਤੇ ਨੂੰ ਪ੍ਰਾਪਤੀ ਤੋਂ ਬਾਅਦ ਤੀਹ ਦਿਨਾਂ ਲਈ ਤੁਹਾਡੇ ਟਿਕਾਣੇ ਵਾਲੇ ਡੈਟੇ ਨਾਲ ਜੋੜਿਆ ਜਾਂਦਾ ਹੈ ਜਿਸ ਤੋਂ ਬਾਅਦ ਇਸ ਨੂੰ ਸਥਾਈ ਤੌਰ 'ਤੇ ਮਿਟਾ ਦਿੱਤਾ ਜਾਂਦਾ ਹੈ। IP ਪਤਿਆਂ ਅਤੇ ਸਾਫ਼ਟਵੇਅਰ ID ਆਂ ਨੂੰ ਕੱਢਣ ਤੋਂ ਬਾਅਦ, ਅਸੀਂ ਸੈਲੂਲਰ ਟਾਵਰਾਂ ਅਤੇ WiFi ਦੇ ਐਕਸੈਸ ਪਾਇੰਟਾਂ ਦੇ ਟਿਕਾਣਿਆਂ ਸਬੰਧੀ ਗੁਮਨਾਮ ਡੈਟਾਬੇਸ ਤਿਆਰ ਕਰਨ ਲਈ ਟਿਕਾਣੇ ਵਾਲੇ ਡੈਟੇ ਨੂੰ ਆਪਸ ਵਿੱਚ ਮਿਲਾ ਦਿੰਦੇ ਹਾਂ।

ਜੇ ਤੁਸੀਂ ਰਿਪਬਲਿਕ ਆਫ ਕੋਰੀਆ ਵਿੱਚ ਹੋ, ਤਾਂ Qualcomm ਟਿਕਾਣੇ ਸੇਵਾ ਟਿਕਾਣੇ ਸੰਬੰਧੀ ਜਾਣਕਾਰੀ ਦੀ ਰੱਖਿਆ ਬਾਰੇ ਕਾਨੂੰਨ ("ਕਨੂੰਨ") ਦੀ ਪਾਲਣਾ ਕਰਦੀ ਹੈ ਅਤੇ ਤੁਸੀਂ ਕਾਨੂੰਨ ਤਹਿਤ ਸੰਬੰਧਤ ਅਧਿਕਾਰਾਂ ਦੇ ਹੱਕਦਾਰ ਹੁੰਦੇ ਹੋ। ਕੋਰੀਆ ਵਿੱਚ ਸਾਡੇ ਵਿਹਾਰਾਂ ਬਾਰੇ ਪ੍ਰਸ਼ਨ ਜਾਂ ਟਿੱਪਣੀਆਂ ਲਈ, ਕਿਰਪਾ ਕਰਕੇ ਸਾਡੇ ਨਾਲ ਇੱਥੇ ਸੰਪਰਕ ਕਰੋ:

Qualcomm CDMA Technologies (Korea) YH
ਧਿਆਨ ਦੇਣ ਵਾਲਾ ਕਾਨੂੰਨੀ ਵਿਭਾਗ
4th, 15th, 16th & 17th Fl.
119, Nonhyeon-dong, Gangnam-gu
Seoul, 135-820
ਕੋਰੀਆ ਗਣਰਾਜ
ਟੈਲੀਫ਼ੋਨ ਨੰਬਰ: 82-2-3404-1114

## Qualcomm ਟੈਕਨਾਲੋਜੀ ਰਿਪੋਰਟਿੰਗ (QTR) -- ਨਿਦਾਨਾਤਮਕ ਅੰਕੜੇ

QTR ਇੱਕ ਅਜਿਹੀ ਤਕਨਾਲੋਜੀ ਹੈ ਜਿਸ ਦੀ ਪੇਸ਼ਕਸ਼ ਅਮਰੀਕਾ ਵਿੱਚ Qualcomm Technologies, Inc. ਦੁਆਰਾ ਅਤੇ ਯੂਰਪੀ ਆਰਥਿਕ ਖੇਤਰ ਵਿੱਚ QT Technologies Ireland Limited ਦੁਆਰਾ ਕੀਤੀ ਜਾਂਦੀ ਹੈ। QTR ਇਹਨਾਂ ਨੂੰ ਇਕੱਤਰ ਕਰ ਸਕਦੀ ਹੈ: (i) ਡਿਵਾਈਸ 'ਤੇ ਸਥਾਪਤ ਅਤੇ/ਜਾਂ ਚਲਾਈਆਂ ਜਾਂਦੀਆਂ ਐਪਾਂ ਦੇ ਨਾਮ, (ii) ਕਨਫਿਗਰੇਸ਼ਨ ਸਬੰਧੀ ਜਾਣਕਾਰੀ (ਜਿਵੇਂ ਕਿ ਨਿਰਮਾਤਾ, ਮਾਡਲ, ਆਪਰੇਟਿੰਗ ਸਿਸਟਮ ਅਤੇ ਸੰਸਕਰਨ, ਫਰਮਵੇਅਰ ਅਤੇ ਸੰਸਕਰਨ, ਵਾਇਰਲੈੱਸ ਕੈਰੀਅਰ, ਮੋਬਾਈਲ ਕੰਟਰੀ ਕੋਡ ਅਤੇ ਨੈੱਟਵਰਕ ਕੋਡ, ਅਤੇ ਚਿਪਸੈਟ ਲੜੀ ਨੰਬਰ (ਜੋ ਤੁਹਾਡੀ ਪਛਾਣ ਨਹੀਂ ਕਰਦਾ)), (iii) ਡਿਵਾਈਸ ਦੇ ਕਾਰਗੁਜ਼ਾਰੀ ਅਤੇ ਸੁਰੱਖਿਆ ਅੰਕੜੇ (ਜਿਵੇਂ ਕਿ CPU, GPU, ਜਾਂ ਮੌਡੇਮ ਦੀ ਕਾਰਗੁਜ਼ਾਰੀ) ਅਤੇ (iv) ਸੈਂਸਰ ਡੈਟਾ ਜੋ ਤੁਹਾਡੀ ਪਛਾਣ ਨਹੀਂ ਕਰੇਗਾ, ਪਰ ਉਹ ਫੋਨ ਦੇ ਆਲੇ-ਦੁਆਲੇ ਗਤੀ, ਝੁਕਾਅ ਅਤੇ ਵਾਤਾਵਰਣਕ ਸਥਿਤੀਆਂ ਦੀ ਪੈਮਾਇਸ਼ ਕਰਦਾ ਹੈ। ਡੈਟੇ ਨੂੰ ਇਨਕ੍ਰਿਪਟਡ WiFi ਰਾਹੀਂ, ਜਾਂ ਸੀਮਤ ਮਾਤਰਾ ਵਿੱਚ ਤੁਹਾਡੇ ਸੈਲੂਲਰ ਨੈੱਟਵਰਕ ਰਾਹੀਂ ਅਪਲੋਡ ਕੀਤਾ ਜਾਂਦਾ ਹੈ।

ਅਸੀਂ ਉਸ ਡੈਟੇ ਦੀ ਵਰਤੋਂ ਕਰਦੇ ਹਾਂ ਜੋ QTR ਇਸ ਨੀਤੀ ਵਿੱਚ ਵਰਨਣ ਕੀਤੇ ਉਦੇਸ਼ਾਂ ਲਈ ਇਕੱਤਰ ਕਰਦੀ ਹੈ, ਜਿਸ ਵਿੱਚ ਵਾਇਰਲੈੱਸ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ ਅਗਲੀ ਪੀੜ੍ਹੀ ਦੀਆਂ ਮੋਬਾਈਲ ਤਕਨਾਲੋਜੀਆਂ ਨੂੰ ਤਿਆਰ ਕਰਨ, ਬੈਟਰੀ ਊਰਜਾ ਨੂੰ ਬਚਾਉਣ, ਸੁਰੱਖਿਆ ਉਪਾਅ ਵਿਕਸਿਤ ਕਰਨ, ਅਤੇ ਸਾਡੇ ਕਾਰੋਬਾਰੀ ਕੰਮਕਾਜ ਵਿੱਚ ਸੁਧਾਰ ਕਰਨ ਲਈ ਸਾਡੀ ਮਦਦ ਕਰਨਾ ਸ਼ਾਮਲ ਹੈ। ਅਸੀਂ QTR ਡੈਟਾ ਵਾਇਰਲੈੱਸ ਕੈਰੀਅਰਾਂ ਜਾਂ ਡਿਵਾਈਸ ਨਿਰਮਾਤਾਵਾਂ ਨਾਲ ਵੀ ਸਾਂਝਾ ਕਰ ਸਕਦੇ ਹਾਂ ਤਾਂ ਜੋ ਵਾਇਰਲੈੱਸ ਡਿਵਾਈਸਾਂ, ਨੈੱਟਵਰਕਾਂ ਅਤੇ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਉਹਨਾਂ ਦੀ ਮਦਦ ਹੋ ਸਕੇ।

"Qualcomm ਟੈਕਨਾਲੋਜੀਸ ਰਿਪੋਰਟਿੰਗ" ਸਿਰਲੇਖ ਹੇਠਾਂ, QTR, Android ਦੇ ਸੈਟਿੰਗਾਂ ਮੇਨੂ ਵਿੱਚ ਡੈਟਾ ਇਕੱਤਰ ਕਰਨ ਦੀ ਚੋਣ-ਛੱਡਣ ਦੀ ਪੇਸ਼ਕਸ਼ ਕਰਦੀ ਹੈ। ਚੋਣ-ਛੱਡਣ ਨਾਲ ਤੁਹਾਡੇ ਡਿਵਾਈਸ ਦੀ ਕਾਰਗੁਜ਼ਾਰੀ 'ਤੇ ਨਾਕਾਰਾਤਮਕ ਅਸਰ ਨਹੀਂ ਪਏਗਾ।

ਕੁਝ ਟਿੱਪਣੀਆਂ: ਜਿਵੇਂ ਕਿਸੇ ਵੀ ਇੰਟਰਨੈੱਟ ਕਨੈਕਸ਼ਨ ਨਾਲ ਹੁੰਦਾ ਹੈ, ਅਸੀਂ ਡਿਵਾਈਸ ਵੱਲੋਂ ਵਰਤਿਆ ਜਾਂਦਾ IP ਪਤਾ ਪ੍ਰਾਪਤ ਕਰਾਂਗੇ, ਪਰ ਇਸ ਦੀ ਪ੍ਰਾਪਤੀ ਤੋਂ ਤੁਰੰਤ ਬਾਅਦ ਇਸ ਨੂੰ ਮਿਟਾ ਦੇਵਾਂਗੇ। ਜੇ QTR ਸਾਨੂੰ ਕੋਈ ਅਜਿਹਾ ਡੈਟਾ ਭੇਜਦੀ ਹੈ ਜਿਸ ਦੀ ਪਛਾਣ ਇਸ ਨਿੱਜਤਾ ਨੀਤੀ ਵਿੱਚ ਨਹੀਂ ਕੀਤੀ ਜਾਂਦੀ ਜੋ ਕਿ ਨਿੱਜੀ ਡੈਟਾ ਹੋ ਸਕਦਾ ਹੈ, ਤਾਂ ਅਸੀਂ ਅਜਿਹੇ ਡੈਟੇ ਨੂੰ ਪ੍ਰਾਪਤ ਕਰਨ ਤੋਂ ਬਾਅਦ ਤੁਰੰਤ ਮਿਟਾ ਦੇਵਾਂਗੇ। QTR ਦੇ ਕੁਝ ਸੰਸਕਰਨਾਂ ਵਿੱਚ ਡਿਵਾਈਸ ਦੀ "ਇੰਟਰਨੈਸ਼ਨਲ ਮੋਬਾਈਲ ਇਕਵਿਪਮੈਂਟ ਆਇਡੈਂਟੀਫਾਇਰ (IMEI) ਇਕੱਤਰ ਕਰਨ ਦੀ ਵੀ ਸਮਰੱਥਾ ਹੁੰਦੀ ਹੈ, ਪਰ ਇਸ ਸਮਰੱਥਾ ਨੂੰ ਇਸ ਸਮੇਂ ਵਰਤਿਆ ਨਹੀਂ ਜਾ ਰਿਹਾ ਹੈ। ਜੇ ਭਵਿੱਖ ਵਿੱਚ ਅਸੀਂ, IMEI ਇਕੱਤਰ ਕਰਦੇ ਹਾਂ, ਤਾਂ ਇਸ ਨੂੰ ਖੁਲਾਸਾ ਕੀਤੇ, ਜ਼ਰੂਰੀ ਉਦੇਸ਼ਾਂ ਲਈ ਅਤੇ ਸਾਰੇ ਲਾਗੂ ਹੋਣ ਵਾਲੇ ਡੈਟਾ ਸੁਰੱਖਿਆ ਅਤੇ ਨਿੱਜਤਾ ਕਾਨੂੰਨਾਂ ਤਹਿਤ ਇਕੱਤਰ ਕੀਤਾ ਜਾਵੇਗਾ। ਆਖਰ ਵਿੱਚ, QTR ਦੇ ਕੁਝ ਸੰਸਕਰਨਾਂ ਵਿੱਚ ਤੁਹਾਨੂੰ ਡਿਵਾਈਸ ਦੇ ਟਿਕਾਣੇ ਸਬੰਧੀ ਸਾਨੂੰ ਡੈਟਾ ਭੇਜਣ ਦੀ ਚੋਣ ਕਰਨ ਦੀ ਖੁੱਲ੍ਹ ਦੇਣ ਦੀ ਸਮਰੱਥਾ ਹੁੰਦੀ ਹੈ। ਜੇ ਤੁਸੀਂ ਟਿਕਾਣੇ ਸਬੰਧੀ ਡੈਟਾ ਸਾਨੂੰ ਭੇਜਣ ਦੀ ਚੋਣ ਕਰਦੇ ਹੋ, ਤਾਂ ਅਸੀਂ ਆਪਣੀ ਮਦਦ ਲਈ ਸਮੇਂ-ਸਮੇਂ 'ਤੇ ਤੁਹਾਡੇ ਡਿਵਾਈਸ ਦਾ ਟਿਕਾਣਾ ਇਕੱਤਰ ਕਰ ਸਕਦੇ ਹਾਂ, ਮਿਸਾਲ ਲਈ ਵਾਇਰਲੈੱਸ ਸਿਗਨਲ ਦੀ ਘੱਟ ਕਵਰੇਜ ਵਾਲੇ ਖੇਤਰਾਂ ਦੀ ਪਛਾਣ ਕਰਨ ਲਈ।

**Snapdragon Smart Protect**

Qualcomm® Snapdragon™ Smart Protect Android-ਅਧਾਰਤ ਡਿਵਾਈਸਾਂ ("Smart Protect") ਲਈ ਸੁਰੱਖਿਆ ਸਾਫ਼ਟਵੇਅਰ ਸੇਵਾ ਹੈ ਜਿਸ ਨੂੰ ਯੂਰਪੀ ਆਰਥਿਕ ਖੇਤਰ ਵਿੱਚ QT Technologies Ireland Limited ਦੁਆਰਾ ਅਤੇ ਅਮਰੀਕਾ ਵਿੱਚ Qualcomm Technologies, Inc. ਦੁਆਰਾ ਪੇਸ਼ ਕੀਤਾ ਜਾਂਦਾ ਹੈ। Smart Protect ਉਸ ਡਿਵਾਈਸ 'ਤੇ Android ਐਪਲੀਕੇਸ਼ਨਾਂ ਦੇ ਵਿਹਾਰ ਦੀ ਨਿਗਰਾਨੀ ਕਰਦੀ ਹੈ ਜਿਸ 'ਤੇ ਇਸ ਨੂੰ ਸਥਾਪਤ ਕੀਤਾ ਜਾਂਦਾ ਹੈ, ਅਤੇ ਇਹ ਵਿਹਾਰਾਂ, ਜੋ ਸੰਭਾਵੀ ਤੌਰ 'ਤੇ malware, spyware, adware, ਅਤੇ ransomware ਦੇ ਸੂਚਕ ਹੁੰਦੇ ਹਨ, ਦੀ ਪਛਾਣ ਕਰਨ ਲਈ ਮਸ਼ੀਨ ਦੀ ਜਾਣਕਾਰੀ ਵਰਤਦੀ ਹੈ। Smart Protect ਉਸੇ ਡਿਵਾਈਸ 'ਤੇ ਸਥਾਪਤ ਸਾਡੇ ਗਾਹਕਾਂ ਦੀ ਤੀਜੀ ਧਿਰ ਦੀਆਂ ਸੁਰੱਖਿਆ ਅਪੈਲੀਕੇਸ਼ਨਾਂ ਨੂੰ ਅਜਿਹੇ ਵਿਹਾਰਾਂ ਦੀ ਰਿਪੋਰਟ ਕਰਦੀ ਹੈ।

Smart Protect ਅਤੇ ਇਸ ਨਿੱਜਤਾ ਨੀਤੀ ਵਿੱਚ ਵਰਨਣ ਹੋਰ ਵਰਤੋਂ ਵਿੱਚ ਸੁਧਾਰ ਕਰਨ ਵਿੱਚ ਮਦਦ ਲਈ, Smart Protect ਸੰਭਾਵੀ malware ਦੇ ਪਤਾ ਲਗਾਏ ਜਾਣ ਦਾ ਸਾਰ ਸਾਨੂੰ ਭੇਜਦੀ ਹੈ ਜਿਸ ਵਿੱਚ ਐਪ ਅਤੇ ਸਚੇਤ ਕਰਨ ਵਾਲੀ ਇਸਦੀ ਗਤੀਵਿਧੀ ਦਾ ਨਾਮ, ਡਿਵਾਈਸ ਬਾਰੇ ਮੁਢਲਾ ਡੈਟਾ ਜਿਵੇਂ ਕਿ ਨਿਰਮਾਤਾ, ਮਾਡਲ ਅਤੇ ਆਪਰੇਟਿੰਗ ਸਿਸਟਮ ਦਾ ਸੰਸਕਰਨ ਅਤੇ ਡਿਵਾਈਸ ਦੀ ਕਨਫਿਗਰੇਸ਼ਨ ਬਾਰੇ ਡੈਟਾ, ਜਿਵੇਂ ਕਿ ਭਾਸ਼ਾ ਦੀ ਸੈਟਿੰਗ, ਕੈਰੀਅਰ, ਅਤੇ ਦੇਸ਼ ਦਾ ਕੋਡ ਸ਼ਾਮਲ ਹੈ।

**Vellamo**

Vellamo Android-ਅਧਾਰਤ ਡਿਵਾਈਸਾਂ ਲਈ ਬੈਂਚਮਾਰਕਿੰਗ ਸਾਫ਼ਟਵੇਅਰ ਐਪਲੀਕੇਸ਼ਨ (“Vellamo”) ਹੈ ਜਿਸ ਨੂੰ Qualcomm Innovation Center, Inc. ਦੁਆਰਾ ਪੇਸ਼ ਕੀਤਾ ਜਾਂਦਾ ਹੈ। Vellamo ਡਿਵਾਈਸ ਦੀ ਸਿਸਟਮ ਕਾਰਗੁਜ਼ਾਰੀ ਬਾਰੇ ਵਿਸ਼ਲੇਸ਼ਣ ਕਰਦੀ ਹੈ ਅਤੇ ਰਿਪੋਰਟ ਭੇਜਦੀ ਹੈ ਜਿਸ ਉੱਤੇ ਇਸ ਨੂੰ ਸਥਾਪਤ ਕੀਤਾ ਜਾਂਦਾ ਹੈ। ਤੁਸੀਂ ਆਪਣੇ ਡਿਵਾਈਸ ਦੀ ਕਾਰਗੁਜ਼ਾਰੀ ਦੀ ਤੁਲਨਾ ਸਾਡੇ ਦੁਆਰਾ ਜਾਂਚ ਕੀਤੇ ਹੋਰਨਾਂ ਡਿਵਾਈਸਾਂ ਨਾਲ ਕਰਨ ਦੀ ਚੋਣ ਵੀ ਕਰ ਸਕਦੇ ਹੋ ਅਤੇ ਅਜਿਹਾ ਕਰਦੇ ਹੋਏ ਤੁਹਾਡਾ ਡਿਵਾਈਸ ਸਾਨੂੰ ਟੈਸਟ ਦੇ ਨਤੀਜੇ ਅਤੇ ਸਿਸਟਮ ਬਾਰੇ ਜਾਣਕਾਰੀ ਭੇਜ ਸਕਦਾ ਹੈ। ਇਸ ਸਿਸਟਮ ਜਾਣਕਾਰੀ ਵਿੱਚ ਸ਼ਾਮਲ ਹੋ ਸਕਦਾ ਹੈ: ਡਿਵਾਈਸ ਦੇ ਨਿਰਮਾਤਾ ਦਾ ਨਾਮ, ਮਾਡਲ ਅਤੇ ਸੰਸਕਰਨ; ਤੁਹਾਡੇ ਸੰਸਕਰਨ ਉੱਤੇ ਹਾਰਡਵੇਅਰ ਬਾਰੇ ਜਾਣਕਾਰੀ ਜਿਵੇਂ ਕਿ ਪ੍ਰੋਸੈਸਰ, ਮੈਮੋਰੀ ਅਤੇ ਉਪਲਬਧ ਸੈਂਸਰ; ਆਪਰੇਟਿੰਗ ਸਿਸਟਮ ਦੀ ਕਿਸਮ ਅਤੇ ਸੰਸਕਰਨ; ਪ੍ਰਦਰਸ਼ਨ ਬਾਰੇ ਜਾਣਕਾਰੀ; ਇੰਟਰਨੈੱਟ ਪ੍ਰੋਟੋਕੋਲ ਪਤਾ, ਬ੍ਰਾਊਜ਼ਰ ਯੂਜ਼ਰ ਏਜੰਟ, ਅਤੇ ਉਸ ਸੈਲੂਲਰ ਨੈੱਟਵਰਕ ਬਾਰੇ ਜਾਣਕਾਰੀ ਜਿਸ ਨਾਲ ਡਿਵਾਈਸ ਜੁੜਦਾ ਹੈ। ਅਸੀਂ ਇਸ ਨੀਤੀ ਵਿੱਚ ਵਰਨਣ ਕੀਤੇ ਉਦੇਸ਼ਾਂ ਲਈ ਆਪਣੇ ਵੱਲੋਂ ਇਕੱਤਰ ਕੀਤੇ ਡੈਟੇ ਨੂੰ ਵਰਤਦੇ ਹਾਂ, ਜਿਸ ਵਿੱਚ ਤੁਹਾਡੇ ਵੱਲੋਂ ਬੇਨਤੀ ਕੀਤੀ ਕਾਰਗੁਜ਼ਾਰੀ ਦੇ ਮਾਨਦੰਡ ਵਾਲੀ ਸੇਵਾ ਮੁਹੱਈਆ ਕਰਨਾ ਅਤੇ ਮੋਬਾਈਲ ਡਿਵਾਈਸ ਦੀ ਕਾਰਗੁਜ਼ਾਰੀ ਬਾਰੇ “ਅਸਲ ਦੁਨੀਆਂ ਦੇ” ਅੰਕੜੇ ਸੰਕਲਿਤ ਕਰਨਾ ਸ਼ਾਮਲ ਹੈ।

**XTRA - ਅਨੁਮਾਨਤ GNSS ਸੈਟੇਲਾਈਟ ਆਰਬਿਟ ਡੈਟਾ**

XTRA ਇੱਕ ਅਜਿਹੀ ਤਕਨਾਲੋਜੀ ਹੈ ਜਿਸ ਪੇਸ਼ਕਸ਼ ਅਮਰੀਕਾ ਵਿੱਚ Qualcomm Technologies, Inc. ਦੁਆਰਾ ਅਤੇ ਯੂਰਪੀ ਆਰਥਿਕ ਖੇਤਰ ਵਿੱਚ QT Technologies Ireland Limited ਦੁਆਰਾ ਮੋਬਾਈਲ ਡਿਵਾਈਸ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ ਕੀਤੀ ਜਾਂਦੀ ਹੈ। Qualcomm ਤੋਂ XTRA ਡੈਟਾ ਫਾਈਲ ਡਾਊਨਲੋਡ ਕਰਦੀ ਹੈ ਜਿਸ ਵਿੱਚ ਗਲੋਬਲ ਨੈਵੀਗੇਸ਼ਨ ਸੈਟੇਲਾਈਟ ਸਿਸਟਮ (GNSS) ਸੈਟੇਲਾਈਟਾਂ ਦੇ ਅਨੁਮਾਨਤ ਆਰਬਿਟ ਸ਼ਾਮਲ ਹੁੰਦੇ ਹਨ। XTRA ਡੈਟਾ ਫਾਈਲ ਨੂੰ ਵਰਤਣ ਨਾਲ ਉਸ ਸਮੇਂ ਵਿੱਚ ਕਮੀ ਆਉਂਦੀ ਹੈ ਜਿਸ ਦੀ ਲੋੜ ਡਿਵਾਈਸ ਨੂੰ ਇਸਦੇ ਟਿਕਾਣੇ ਦਾ ਹਿਸਾਬ ਲਗਾਉਣ ਲਈ ਹੁੰਦੀ ਹੈ, ਇਸ ਤਰ੍ਹਾਂ ਨਾਲ ਟਿਕਾਣੇ ਅਧਾਰਤ ਐਪਲੀਕੇਸ਼ਨਾਂ ਦੀ ਵਰਤੋਂ ਕਰਨ ਵੇਲੇ ਸਮੇਂ ਅਤੇ ਬੈਟਰੀ ਊਰਜਾ ਦੀ ਬਚਤ ਹੁੰਦੀ ਹੈ। XTRA ਸਾਫ਼ਟਵੇਅਰ ਦੇ ਨਵੇਂ ਸੰਸਕਰਨ ਸਾਡੇ ਲਈ ਥੋੜ੍ਹੀ ਮਾਤਰਾ ਵਿੱਚ ਡੈਟਾ ਵੀ ਅਪਲੋਡ ਕਰਦੇ ਹਨ। ਅਸੀਂ ਇਸ ਨੀਤੀ ਵਿੱਚ ਵਰਣਿਤ ਉਦੇਸ਼ਾਂ ਲਈ ਅਪਲੋਡ ਕੀਤੇ ਡੈਟੇ ਨੂੰ ਵਰਤਦੇ ਹਾਂ, ਜਿਵੇਂ ਕਿ ਸੇਵਾ ਦੀ ਗੁਣਵੱਤਾ, ਸੁਰੱਖਿਆ, ਅਤੇ ਸੰਪੂਰਨਤਾ ਨੂੰ ਕਾਇਮ ਰੱਖਣ ਅਤੇ ਸੁਧਾਰਨ ਲਈ। XTRA ਅੱਗੇ

ਦਿੱਤੀਆਂ ਡੈਟੇ ਦੀਆਂ ਕਿਸਮਾਂ ਨੂੰ ਅਪਲੋਡ ਕਰਦੀ ਹੈ; ਬਿਨਾਂ ਕਿਸੇ ਤਰਤੀਬ ਤੋਂ ਬਣਾਈ ਵਿਲੱਖਣ ID, ਚਿਪਸੈਟ ਦਾ ਨਾਮ ਅਤੇ ਲੜੀ ਨੰਬਰ, XTRA ਸਾਫ਼ਟਵੇਅਰ ਦਾ ਸੰਸਕਰਨ, ਮੋਬਾਈਲ ਕੰਟਰੀ ਕੋਡ ਅਤੇ ਨੈੱਟਵਰਕ ਕੋਡ (ਇਸ ਨਾਲ ਦੇਸ਼ ਅਤੇ ਵਾਇਰਲੈੱਸ ਆਪਰੇਟਰ ਦੀ ਪਛਾਣ ਕਰਨ ਦੀ ਖੁੱਲ੍ਹ ਮਿਲਦੀ ਹੈ), ਆਪਰੇਟਿੰਗ ਸਿਸਟਮ ਦੀ ਕਿਸਮ ਅਤੇ ਸੰਸਕਰਨ, ਡਿਵਾਈਸ ਦਾ ਨਿਰਮਾਣ ਅਤੇ ਮਾਡਲ, ਐਪਲੀਕੇਸ਼ਨ ਪ੍ਰੋਸੈਸਰ ਅਤੇ ਮੌਡੇਮ ਦੇ ਆਖਰੀ ਬੂਟ ਤੋਂ ਬਾਅਦ ਦਾ ਸਮਾਂ, ਅਤੇ ਡਿਵਾਈਸ ਉੱਤੇ ਸਾਡੇ ਸਾਫ਼ਟਵੇਅਰ ਦੀ ਇੱਕ ਸੂਚੀ।